# ਕੀਟਨਾਸ਼ਕ ਸੁਰੱਖਿਆ ਜਾਣਕਾਰੀ

dpr

ਕੈਲੀਫੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

N No. 2

# ਗੈਰ-ਖੇਤੀਬਾੜੀ ਥਾਂਵਾਂ ਵਿੱਚ ਕੀਟਨਾਸ਼ਕਾਂ ਨੂੰ ਇੱਧਰ ਉੱਧਰ ਲਿਜਾਣਾ ਅਤੇ ਉਨ੍ਹਾਂ ਦਾ ਨਿਪਟਾਰਾ




**ਕੀਟਨਾਸ਼ਕ ਜ਼ਹਿਰੀਲੇ ਹੁੰਦੇ ਹਨ, ਉਨ੍ਹਾਂ ਨੂੰ ਦੂਜਿਆਂ ਦਾ, ਖਾਸ ਤੌਰ ਤੇ ਬੱਚਿਆਂ ਦਾ ਖਿਆਲ ਰੱਖਦਿਆਂ ਬੜੀ ਚੌਕਸੀ ਨਾਲ ਸਟੋਰ ਜਾਂ ਨਸ਼ਟ/ਡਿਸਪੋਜ਼ ਕਰਨਾ ਚਾਹੀਦਾ ਹੈ।** ਹਰ ਸਾਲ ਬੱਚਿਆਂ ਵਿੱਚ ਕੀਟਨਾਸ਼ਕਾਂ ਨੂੰ ਖਾਣ ਜਾਂ ਪੀਣ ਨਾਲ ਜ਼ਹਿਰ ਫੈਲ ਜਾਂਦਾ ਹੈ, ਕਿਉਂਕਿ ਕਿਸੇ ਨੇ ਕੀਟਨਾਸ਼ਕਾਂ ਨੂੰ ਦੂਰ ਨਹੀਂ ਰੱਖਿਆ ਹੁੰਦਾ ਜਾਂ ਠੀਕ ਤਰ੍ਹਾਂ ਸੁੱਟਿਆ ਨਹੀਂ ਹੁੰਦਾ। ਜੇ ਇਸ ਲੀਫ਼ਲੈਟ (ਪੇਪਰ) ਦੀਆਂ ਹਿਦਾਇਤਾਂ ਦੀ ਪਾਲਣਾ ਕਰਦੇ ਹੋ, ਤਾਂ ਤੁਸੀਂ ਕੀਟਨਾਸ਼ਕਾਂ ਨਾਲ ਹੋਣ ਵਾਲੇ ਹਾਦਸਿਆਂ ਨੂੰ ਰੋਕ ਸਕਦੇ ਹੋ।

## ਯਾਦ ਰੱਖਣ ਵਾਲੀਆਂ ਬਹੁਤ ਹੀ ਅਹਿਮ ਗੱਲਾਂ

- ਕੀਟਨਾਸ਼ਕਾਂ ਨੂੰ ਉਨ੍ਹਾਂ ਦੇ ਅਸਲ ਕੰਟੇਨਰਾਂ ਵਿੱਚ ਹੀ ਰੱਖੋ।
- ਕੀਟਨਾਸ਼ਕਾਂ ਨੂੰ ਖ਼ੁਰਾਕ, ਖਾਣ-ਪੀਣ ਜਾਂ ਘਰੇਲੂ ਉਤਪਾਦਾਂ ਵਾਲੇ ਡੱਬਿਆਂ ਵਿੱਚ ਨਾ ਪਾਉ।
- ਕੰਮ ਤੇ ਇਸਤੇਮਾਲ ਕੀਤੇ ਜਾਣ ਵਾਲੇ ਕੋਈ ਵੀ ਕੀਟਨਾਸ਼ਕ ਘਰ ਵਿੱਚ ਨਾ ਲਿਆਉ।

## ਸਟੋਰੇਜ

ਕੋਈ ਵੀ ਕੰਮ ਉਦੋਂ ਤਕ ਪੂਰਾ ਨਹੀਂ ਹੁੰਦਾ, ਜਦ ਤਕ ਕੀਟਨਾਸ਼ਕਾਂ ਦੇ ਕੰਟੇਨਰਾਂ, ਉਪਕਰਣਾਂ ਨੂੰ ਸਹੀ ਢੰਗ ਨਾਲ ਦੂਰ ਨਹੀਂ ਰੱਖਿਆ ਜਾਂਦਾ। ਆਪਣੇ ਸਰੀਰ ਦੀ ਸਫਾਈ ਅਤੇ ਘਰ ਜਾਣ ਤੋਂ ਜਾਂ ਹੋਰ ਕੋਈ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਆਪਣਾ ਸਾਰਾ ਸਾਮਾਨ ਸੁਰੱਖਿਅਤ ਤਰੀਕੇ ਨਾਲ ਸਾਂਭ ਕੇ ਰੱਖਣਾ ਹਮੇਸ਼ਾ ਯਾਦ ਰੱਖੋ। ਸਫਾਈ ਕਰਨ ਅਤੇ ਕੀਟਨਾਸ਼ਕ ਕੰਟੇਨਰਾਂ ਅਤੇ ਉਪਕਰਣਾਂ ਨੂੰ ਰੱਖਦੇ ਸਮੇਂ ਤੁਸੀਂ ਨਿੱਜੀ ਸੁਰੱਖਿਆ ਦੇ ਉਹ ਸਾਰੇ ਉਪਕਰਣ ਜ਼ਰੂਰ ਪਾਈ ਰੱਖੋ। ਦਸਤਾਨੇ ਅਤੇ ਹੋਰ ਸੁਰੱਖਿਆ ਉਪਕਰਣ ਪਾਣ ਬਾਰੇ ਵੀ ਸੋਚੋ ਭਾਵੇਂ ਲੇਬਲ ਤੇ ਇਨ੍ਹਾਂ ਦੀ ਜ਼ਰੂਰਤ ਨਾ ਵੀ ਦੱਸੀ ਗਈ ਹੋਵੇ। ਕੀਟਨਾਸ਼ਕਾਂ ਨੂੰ ਦੂਰ ਰੱਖਦਿਆਂ ਹੋਇਆਂ ਅਕਸਰ ਉਨ੍ਹਾਂ ਦੇ ਛਲਕਣ ਨਾਲ ਹੋਰ ਹਾਦਸੇ ਹੁੰਦੇ ਹਨ।

## ਕੀਟਨਾਸ਼ਕਾਂ ਨੂੰ ਕਿਵੇਂ ਸਟੋਰ ਕਰਨਾ ਚਾਹੀਦਾ ਹੈ ?

ਕੀਟਨਾਸ਼ਕ ਅਤੇ ਉਨ੍ਹਾਂ ਦੇ ਖਾਲੀ ਕੰਟੇਨਰਾਂ ਨੂੰ ਜਾਂ ਤੇ ਤਾਲਾ ਲਗੀ ਹੋਈ ਥਾਂ ਤੇ ਰੱਖੋ ਜਾਂ ਕਿਸੇ ਅਜਿਹੇ ਵਿਅਕਤੀ ਦੇ ਕੰਟਰੋਲ ਵਿੱਚ ਹੋਣ ਜੋ ਉਨ੍ਹਾਂ ਤੋਂ ਹੋਰ ਲੋਕਾਂ ਨੂੰ  ਦੂਰ ਰੱਖ ਸਕਦਾ ਹੋਵੇ। ਜੇ ਕੀਟਨਾਸ਼ਕ ਤਾਲੇ ਵਾਲੀ ਜਗਹ ਤੇ ਨਹੀਂ ਤਾਂ ਉਹ ਜਿਸ ਵਿਅਕਤੀ ਦੇ ਕੰਟਰੋਲ ਤਹਿਤ ਹੋਣ, ਉਹ ਇਨ੍ਹਾਂ ਤੇ ਹਰ ਸਮੇਂ ਨਜ਼ਰ ਰੱਖਣ ਦੇ ਯੋਗ ਹੋਣਾ ਚਾਹੀਦਾ ਹੈ।

ਲੇਬਲ ਤੁਹਾਨੂੰ ਕੀਟਨਾਸ਼ਕਾਂ ਨੂੰ ਸਟੋਰ ਕਰਨ ਦਾ ਸਹੀ ਤਰੀਕਾ ਦੱਸੇਗਾ। ਇਸਤੇ ਲਿਖੀਆ ਹਿਦਾਇਤਾਂ ਪੜ੍ਹੋ ਅਤੇ ਉਨ੍ਹਾਂ ਤੇ ਅਮਲ ਕਰੋ। ਜੇ ਤੁਸੀਂ ਕੀਟਨਾਸ਼ਕਾਂ ਅਤੇ ਖਾਦਾਂ ਨੂੰ ਇਕੋ ਥਾਂ ਸਟੋਰ ਕਰਦੇ ਹੋ, ਤਾਂ ਉਨ੍ਹਾਂ ਨੂੰ ਵੱਖਰਾ-ਵੱਖਰਾ ਰੱਖੋ। ਕੀਟਨਾਸ਼ਕ ਅਤੇ ਖਾਦਾਂ ਇਕ ਦੂਜੇ ਨਾਲ ਰਲਕੇ ਪ੍ਰਤੀਕਰਮ ਕਰ ਸਕਦੇ ਹਨ ਅਤੇ ਅੱਗ ਲਗ ਸਕਦੀ ਹੈ।

ਕੀਟਨਾਸ਼ਕਾਂ ਨੂੰ ਖੁਰਾਕ, ਜਾਨਵਰਾਂ ਦੇ ਚਾਰੇ ਜਾਂ ਨਿੱਜੀ ਸੁਰੱਖਿਆ ਉਪਕਰਣਾਂ ਦੇ ਨੇੜੇ ਸਟੋਰ ਨਾ ਕਰੋ। ਉਹ ਕੀਟਨਾਸ਼ਕਾਂ ਨਾਲ ਅਸ਼ੁੱਧ ਹੋ ਸਕਦੇ ਹਨ ਅਤੇ ਜਾਨਵਰਾਂ ਜਾਂ ਵਿਅਕਤੀਆਂ ਨੂੰ ਬੀਮਾਰ ਕਰ ਸਕਦੇ ਹਨ।

ਕੀਟਨਾਸ਼ਕ ਸਟੋਰ ਦੇ ਕੁਝ ਪ੍ਰਵਾਨਿਤ ਤਰੀਕੇ ਇਹ ਹਨ:

- ਇਕ ਤਾਲੇ, ਅਤੇ ਵਾੜ ਵਾਲੀ ਥਾਂ।
- ਇਕ ਸਟੋਰੇਜ ਕੰਪਾਰਟਮੈਂਟ ਜਿਸਤੇ ਤਾਲਾ ਲਗ ਸਕਦਾ ਹੋਵੇ।
- ਇਕ ਟਰੱਕ ਜਾਂ ਟਰੇਲਰ ਜਿਸ ਦੇ ਸਾਈਡ ਰੈਕ ’ਤੇ ਤਾਲਾ ਲਗ ਸਕਦਾ ਹੈ। (ਰੈਕਾਂ ਦੇ ਉਪਰਲੇ ਹਿੱਸੇ ਜ਼ਮੀਨ ਤੋਂ ਘੱਟੋ ਘੱਟ 6 ਫੁੱਟ ਉੱਚੇ ਹੋਣੇ ਚਾਹੀਦੇ ਹਨ)।

**ਸੁਰੱਖਿਆ ਗੁਰ**

**2**

ਕਿਸੇ ਕੀਟਨਾਸ਼ਕ ਦਾ ਇਸਤੇਮਾਲ ਕਰਨ ਤੋਂ ਪਹਿਲਾਂ ਹਮੇਸ਼ਾ ਉਸ ਤੇ ਲਗਿਆ ਲੇਬਲ ਪੜ੍ਹੋ। ਜੇ ਤੁਸੀਂ ਇਸਨੂੰ ਪੜ੍ਹ ਨਹੀਂ ਸਕਦੇ, ਤਾਂ ਆਪਣੇ ਮਾਲਿਕ ਨੂੰ ਦੱਸਣ ਲਈ ਕਹੋ, ਕਿ ਉਸ ਵਿੱਚ ਕੀ ਲਿਖਿਆ ਹੋਇਆ ਹੈ।

## ਕੀਟਨਾਸ਼ਕਾਂ ਨੂੰ ਸੁਰੱਖਿਅਤਾ ਨਾਲ ਇੱਧਰ ਉੱਧਰ ਲਿਜਾਣਾ

ਭਾਵੇਂ ਤੁਸੀਂ ਕੀਟਨਾਸ਼ਕਾਂ ਨੂੰ ਥੋੜ੍ਹੇ ਫਾਸਲੇ ਤੇ ਹਟਾ ਰਹੇ ਹੁੰਦੇ ਹੋ, ਤਾਂ ਵੀ ਹਾਦਸੇ ਹੋ ਸਕਦੇ ਹਨ। ਜੇ ਕੋਈ ਅਜਿਹਾ ਹਾਦਸਾ ਹੋ ਜਾਏ, ਤਾਂ ਕੀਟਨਾਸ਼ਕ ਤੁਹਾਨੂੰ ਅਤੇ ਸ਼ਾਇਦ ਹੋਰਨਾ ਨੂੰ ਵੀ ਬੀਮਾਰ ਕਰ ਸਕਦੇ ਹਨ ਜਾਂ ਵਾਤਾਵਰਣ ਨੂੰ ਪ੍ਰਦੂਸ਼ਿਤ ਕਰ ਸਕਦ ਾਹੈ।

## ਕੀਟਨਾਸ਼ਕਾਂ ਨੂੰ ਇਧਰ ਉਧਰ ਲਿਜਾਣ ਬਾਰੇ ਮੈਨੂੰ ਕੀ ਜਾਣਨ ਦੀ ਜ਼ਰੂਰਤ ਹੈ ?

### ਇਨ੍ਹਾਂ ਨਿਯਮਾਂ ਦੀ ਪਾਲਣਾ ਕਰੋ:

- ਕੀਟਨਾਸ਼ਕਾਂ ਨੂੰ ਕਦੀ ਵੀ ਆਪਣੀ ਕਾਰ, ਵੈਨ, ਕਾਰ ਦੀ ਡਿੱਕੀ ਜਾਂ ਟਰੱਕ ਕੈਬ ਵਿੱਚ ਨਾ ਲਿਜਾਉ। ਖ਼ਤਰਨਾਕ ਹਵਾੜਾਂ ਨਿਕਲ ਸਕਦੀਆਂ ਹਨ। ਜੇ ਕੀਟਨਾਸ਼ਕ ਤੁਹਾਡੇ ਜਾਂ ਤੁਹਾਡੇ ਮੁਸਾਫਿਰਾਂ ਤੇ ਡੁੱਲ੍ਹ ਜਾਣ, ਤਾਂ ਇਨ੍ਹਾਂ ਨਾਲ ਕੋਈ ਜਖ਼ਮੀ ਹੋ ਸਕਦਾ ਹੈ – ਕਿਸੇ ਦੀ ਮੌਤ ਵੀ ਹੋ ਸਕਦੀ ਹੈ। ਸੀਟ ਕਵਰ ਤੇ ਡੁੱਲ੍ਹੇ ਹੋਏ ਕੀਟਨਾਸ਼ਕ ਦੀ ਨਿਸ਼ਾਨ ਬਹੁਤ ਹੀ ਮੁਸ਼ਕਲ ਨਾਲ ਮਿਟਦੇ ਹਨ। ਜੇ ਇਹ ਸਹੀ ਤਰੀਕੇ ਨਾਲ ਸਾਫ਼ ਨਾ ਕੀਤੇ ਜਾਣ ਤਾਂ ਕੁਝ ਦਿਨਾਂ ਜਾਂ ਹਫ਼ਤਿਆਂ ਬਾਅਦ ਵੀ ਇਹ ਕੀਟਨਾਸ਼ਕ  ਲੋਕਾਂ ਨੂੰ ਬੀਮਾਰ ਕਰ ਸਕਦੇ ਹਨ।
- ਕੰਟਨੇਰਾਂ ਦੇ ਢੱਕਣ ਕਸ ਕੇ ਬੰਦ ਕਰੋ।
- ਵਾਹਨ ਮੋੜ ਕਟਦੇ ਹਨ ਅਤੇ ਅਚਾਨਕ ਚਲ ਪੈਂਦੇ ਅਤੇ ਰੁਕ ਜਾਂਦੇ ਹਨ। ਇਹ ਯਕੀਨੀ ਬਣਾਉ ਕਿ ਕੀਟਨਾਸ਼ਕ ਸੁਰੱਖਿਅਤ ਹਨ ਅਤੇ ਸਿੱਧੀ ਪੋਜ਼ੀਸ਼ਨ ਵਿੱਚ ਹਨ।
- ਯਕੀਨੀ ਬਣਾਉ ਕਿ ਕੀਟਨਾਸ਼ਕਾਂ ਦੇ ਸਾਰੇ ਕੰਟੇਨਰਾਂ ਤੇ ਲੇਬਲ ਲਗਿਆ ਹੋਵੇ।
- ਜੇ ਕੀਟਨਾਸ਼ਕ ਇਕ ਦੂਜੇ ਡੱਬੇ ਵਿੱਚ ਰੱਖਿਆ ਗਿਆ ਹੈ, ਤਾਂ ਤੁਹਾਨੂੰ ਇਸ ਤੇ ਲੇਬਲ ਲਾਣਾ ਚਾਹੀਦਾ ਹੈ। ਲੇਬਲ ’ਤੇ ਕੀਟਨਾਸ਼ਕ ਦਾ ਨਾਂ ਹੋਣਾ ਚਾਹੀਦਾ ਹੈ। ਇਸਦਾ ਸੰਕੇਤਕ (ਖ਼ਤਰਾ, ਚੇਤਾਵਨੀ, ਸਾਵਧਾਨੀ) ਅਤੇ ਜੋ ਵਿਅਕਤੀ ਇਸ ਕੰਟੇਨਰ ਲਈ ਜ਼ਿੰਮੇਵਾਰ ਹੈ, ਉਸਦਾ ਨਾਂ ਅਤੇ ਪਤਾ ਹੋਣਾ ਚਾਹੀਦਾ ਹੈ।
- ਜਦੋਂ ਤੁਸੀਂ ਕੀਟਨਾਸ਼ਕ ਨੂੰ ਕਿਸੇ ਖੁੱਲ੍ਹੇ ਟਰੱਕ ਵਿੱਚ ਲਿਜਾ ਰਹੇ ਹੋ, ਤਾਂ ਇਸ ਨੂੰ ਕਦੇ ਵੀ ਅੱਖਾਂ ਤੋਂ ਉਹਲੇ ਨਾ ਕਰੋ। ਜੇ ਬੇਧਿਆਨੇ ਕੀਟਨਾਸ਼ਕਾਂ ਕਾਰਣ ਜ਼ਹਿਰ ਫੈਲਣ ਦਾ ਕੋਈ ਹਾਦਸਾ ਹੋ ਗਿਆ ਤਾਂ ਇਸ ਲਈ ਤੁਸੀਂ ਜ਼ਿੰਮੇਵਾਰ ਹੋਵੋਗੇ।

## ਮੈਂ ਕੰਟੇਨਰਾਂ ਨੂੰ ਕਿਸ ਤਰ੍ਹਾਂ ਹੰਗਾਲਾਂ ?

ਕੰਟੇਨਰਾਂ ਨੂੰ ਖਾਲੀ ਹੁੰਦਿਆਂ ਸਾਰ, ਜਿੰਨੀ ਜਲਦੀ ਹੋ ਸਕੇ ਹੰਗਾਲੋ। ਜੇ ਤੁਸੀਂ ਬੰਦ/ਮਿਕਸ ਸਿਸਟਮ ਇਸਤੇਮਾਲ ਕਰ ਰਹੇ ਹੋ, ਤਾਂ ਉਪਕਰਣ ਆਪੇ ਹੀ ਸਭ ਕੁਝ ਹੰਗਾਲ ਦੇਣਗੇ ਨਹੀਂ ਤਾਂ ਤੁਸੀਂ ਹੇਠਾਂ ਲਿਖਿਆ ਵਿੱਚੋਂ ਕੋਈ ਇਕ ਤਰੀਕਾ ਇਸਤੇਮਾਲ ਕਰ ਸਕਦੇ ਹੋ।

### ਤਰੀਕਾ #1

1. ਸਾਰੇ ਲੋੜੀਂਦੇ ਨਿੱਜੀ ਸੁਰੱਖਿਆ ਉਪਕਰਣ (PPE) ਪਾ ਲਉ।
2. ਕੀਟਨਾਸ਼ਕ ਦੇ ਕੰਟੇਨਰ ਦਾ ਲਗਭਗ ਇਕ ਚੌਥਾਈ ਹਿੱਸਾ ਪਾਣੀ ਨਾਲ ਭਰੋ।
3. ਇਸ ਨੂੰ ਕਸਕੇ ਬੰਦ ਕਰ ਦਿਉ, ਅਤੇ ਇਸ ਨੂੰ ਹਿਲਾਉ।
4. ਹੰਗਾਲਿਆ ਹੋਇਆ ਸਾਰਾ ਪਾਣੀ ਮਿਕਸ ਟੈਂਕ ਵਿੱਚ ਸੁੱਟ ਦਿਉ ਤਾਂ ਜੋ ਇਸਨੂੰ ਕੀਟਨਾਸ਼ਕ ਨਾਲ ਵਰਤਿਆ ਜਾ ਸਕੇ।
5. ਇਸ ਅਮਲ ਦੀਆਂ 2, 3 ਅਤੇ 4 ਹਿਦਾਇਤਾਂ ਨੂੰ ਘੱਟੋ ਘੱਟ ਦੋ ਵਾਰ ਹੋਰ ਦੁਹਰਾਉ।

### ਤਰੀਕਾ #2 (ਉਪਕਰਣਾਂ ਲਈ ਜੋ ਹੰਗਾਲਣ ਵਾਲੀ ਯੂਨਿਟ ਵਿੱਚ ਹੈ)

1. ਸਾਰੇ ਜ਼ਰੂਰੀ ਨਿੱਜੀ ਸੁਰੱਖਿਆ ਉਪਕਰਣ (PPE) ਪਾ ਲਉ।
2. ਕੰਟੇਨਰ ਦਾ ਮੂੰਹ ਮਸ਼ੀਨ ਦੀ ਨੋਜ਼ਲ ਤੇ ਰੱਖੋ ਤਾਂ ਜੋ ਸਾਰਾ ਤਰਲ ਪਦਾਰਥ ਟੈਂਕ ਵਿੱਚ ਚਲਾ ਜਾਏ।
3. ਨੋਜ਼ਲ ਨੂੰ ਖੋਲ੍ਹ ਦਿਉ ਅਤੇ ਉਨੀ ਦੇਰ ਤਕ ਹੰਗਾਲਦੇ ਰਹੋ ਜਦ ਤਕ ਉਹ ਸਾਫ਼ ਨਾ ਹੋ ਜਾਏ।

## ਮੈਨੂੰ ਕੀਟਨਾਸ਼ਕ ਦੇ ਖਾਲੀ ਕੰਟੇਨਰਾਂ ਨਾਲ ਕੀ ਕਰਨਾ ਚਾਹੀਦਾ ਹੈ ?

ਕੀਟਨਾਸ਼ਕਾਂ ਦੇ ਖਾਲੀ ਕੰਟੇਨਰ ਅਸਲ ਵਿੱਚ ਕਦੀ ਵੀ ਪੂਰੀ ਤਰ੍ਹਾਂ "ਖਾਲੀ" ਨਹੀਂ ਹੁੰਦੇ। ਉਨ੍ਹਾਂ ਨੂੰ ਪੂਰੀ ਤਰ੍ਹਾਂ ਹੰਗਾਲਣ ਤੋਂ ਬਾਅਦ ਵੀ ਕੀਟਨਾਸ਼ਕ ਦੀ ਕੁਝ ਨਾ ਕੁਝ ਮਾਤਰਾ ਰਹਿ ਜਾਂਦੀ ਹੈ। ਉਨ੍ਹਾਂ ਨੂੰ ਕਦੀ ਨਹਿਰਾਂ, ਤਲਾਬਾਂ, ਖੇਤਾਂ ਤੇ ਖਾਲੀ ਇਮਾਰਤ ਵਿੱਚ ਨਾ ਸੁੱਟੋ। ਆਪਣੇ ਕੰਮ ਲਈ ਇਸਤੇਮਾਲ ਕੀਤੇ ਗਏ ਹਰ ਕੀਟਨਾਸ਼ਕ ਕੰਟੇਨਰ ਤੇ ਧਿਆਨ ਰੱਖਣ ਨੂੰ ਯਕੀਨੀ ਬਣਾਉ। ਬੱਚਿਆਂ ਨੂੰ ਉਨ੍ਹਾਂ ਨਾਲ ਖੇਡਣ ਜਾਂ ਹੋਰ ਵਿਅਕਤੀਆਂ ਨੂੰ ਉਨ੍ਹਾਂ ਨੂੰ ਕਿਸੇ ਹੋਰ ਕੰਮ ਲਈ ਇਸਤੇਮਾਲ ਕਰਨ ਲਈ ਨਾ ਦਿਉ। ਤੁਹਾਨੂੰ ਉਨ੍ਹਾਂ ਨੂੰ ਹੰਗਾਲ ਕੇ ਪੂਰੀ ਤਰ੍ਹਾਂ ਖਾਲੀ ਕਰਨਾ ਚਾਹੀਦਾ ਹੈ। ਫਿਰ ਉਨ੍ਹਾਂ ਦਾ ਠੀਕ ਤਰ੍ਹਾਂ ਨਿਪਟਾਰਾ ਕਰਨਾ ਚਾਹੀਦਾ ਹੈ

ਆਪਣੇ ਮਾਲਿਕ ਨੂੰ ਪੁੱਛੋ ਕਿ ਖਾਲੀ ਕੰਟੇਨਰਾਂ ਦਾ ਨਿਪਟਾਰਾ ਕਿਸ ਤਰ੍ਹਾਂ ਕਰਨਾ ਹੈ। ਕਾਉਂਟੀ ਦਾ ਖੇਤੀਬਾੜੀ ਕਮਿਸ਼ਨਰ ਵੀ ਤੁਹਾਨੂੰ ਦੱਸ ਸਕਦਾ ਹੈ, ਕਿ ਕੀਟਨਾਸ਼ਕਾਂ ਦੇ ਬੈਗਾਂ ਸਮੇਤ, ਖਾਲੀ ਕੰਟੇਨਰਾਂ ਦਾ ਨਿਪਟਾਰਾ ਕਿਵੇਂ ਕਰਨਾ ਹੈ। ਜਦ ਤਕ ਤੁਸੀਂ ਉਨ੍ਹਾਂ ਦਾ ਨਿਪਟਾਰਾ ਨਾ ਕਰ ਲਉ, ਸਾਰੇ ਖਾਲੀ ਕੰਟੇਨਰ ਅਤੇ ਖਾਲੀ ਬੈਗਾਂ ਨੂੰ ਤਾਲੇ ਵਿੱਚ ਰੱਖੋ।

## ਕੀ ਕੋਈ ਹੋਰ ਨਿਯਮ ਵੀ ਹਨ ?

ਕੀਟਨਾਸ਼ਕਾਂ ਦੇ ਆਧਾਰ ਤੇ, ਹੋਰ ਵਾਧੂ ਨਿਯਮ ਵੀ ਹੋ ਸਕਦੇ ਹਨ। ਜੇ ਤੁਸੀਂ ਕੀਟਨਾਸ਼ਕ ਨੂੰ ਇਧਰ ਤੋਂ ਉਧਰ ਲਿਜਾ ਰਹੇ ਹੋ, ਤਾਂ ਤੁਹਾਨੂੰ ਇਸ ਲਈ ਸਿਖਲਾਈ ਪ੍ਰਾਪਤ ਕਰਨੀ ਜ਼ਰੂਰੀ ਹੈ। ਤੁਸੀਂ ਅਤੇ/ਜਾਂ ਤੁਹਾਡਾ ਮਾਲਿਕ ਇਸਤੇਮਾਲ ਲਈ ਕੀਟਨਾਸ਼ਕ ਲਿਜਾ ਰਹੇ ਹੋ, ਤਾਂ ਤੁਹਾਡੇ ਮਾਲਿਕ ਨੂੰ ਕੈਲੀਫ਼ੋਰਨੀਆ ਹਾਈਵੇ ਪੈਟਰੋਲ (California Highway Patrol), ਮੋਟਰ ਕੈਰੀਅਰ ਸੇਫ਼ਟੀ ਯੂਨਿਟ (Motor Carrier Safety Unit) ਟੈਲੀਫ਼ੋਨ ਕਰਨਾ ਚਾਹੀਦਾ ਹੈ। ਹਾਈਵੇ ਪੈਟਰੋਲ ਦਾ ਨੰਬਰ ਸਥਾਨਕ ਡਾਇਰੈਕਟਰੀ ਦੇ ਸਰਕਾਰੀ ਪੰਨਿਆਂ ਤੋਂ ਮਿਲ ਸਕਦਾ ਹੈ। ਤੁਸੀਂ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਦੇ ਦਫ਼ਤਰ ਤੋਂ ਵੀ ਨੰਬਰ ਲੈ ਸਕਦੇ ਹੋ।




*ਜੇ ਤੁਹਾਨੂੰ ਉਹ ਸਾਰੀ ਜਾਣਕਾਰੀ ਜੋ ਤੁਹਾਨੂੰ ਟਰੇਨਿੰਗ ਵਿੱਚ ਚਾਹੀਦੀ ਹੈ, ਨਹੀਂ ਮਿਲਦੀ ਤਾਂ ਤੁਹਾਨੂੰ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਜਾਂ ਕੀਟਨਾਸ਼ਕਾਂ ਦੇ ਨਿਯਮਾਂ ਬਾਰੇ ਵਿਭਾਗ (DPR) ਨੂੰ ਫ਼ੋਨ ਕਰਨਾ ਚਾਹੀਦਾ ਹੈ। ਤੁਸੀਂ ਕਮਿਸ਼ਨਰ ਦਾ ਨੰਬਰ ਆਪਣੀ ਚਿੱਟੇ ਪੰਨਿਆ ਵਾਲੀ ਸਥਾਨਕ ਡਾਇਰੈਕਟਰੀ 1-87PestLine ਤੋਂ ਲੈ ਸਕਦੇ ਹੋ ਜਾਂ*

**http://www.cdfa.ca.gov/exec/county/countymap/**

**DPR ਦੇ ਖੇਤਰੀ ਦਫ਼ਤਰ ਹਨ:**

- **ਨਾਰਦਰਨ (ਵੈਸਟ ਸੈਕਰਾਮੈਂਟੋ) 916/376-8960**
- **ਸੈਂਟਰਲ (ਫ੍ਰੈਸਨੋ) 559/297-3511**
- **ਸਦਰਨ (ਐਨਾਹਾਈਮ) 714/279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**

**1-87PestLine**

**ਜਾਣਕਾਰੀ ਲਾਈਨ**

**1-877-378-5463**